**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

---

**ਵੱਲ**

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ(ਵੈਬਸਾਈਟ ਰਾਹੀਂ)

**ਮੀਮੋ ਨੰ:ਸ.ਸ.ਅ/2012/**੧੦੬੫੩
**ਮਿਤੀ:ਚੰਡੀਗੜ੍ਹ**-੧੧/੧੨/੧੨

**ਵਿਸ਼ਾ : ਰਾਜ ਦੇ ਸਕੂਲਾਂ ਵਿਚ ਪੰਚਾਇਤਾਂ, ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ 'ਸਕੂਲ ਭਲਾਈ ਫੰਡ' ਲਈ ਦਿੱਤੀ ਜਾ ਰਹੀ ਰਕਮ ਲਈ ਵੱਖਰੇ ਬੈਂਕ ਖਾਤੇ ਖੁਲ੍ਹਵਾਉਣ ਸਬੰਧੀ।**
**ਹਵਾਲਾ:ਇਸ ਦਫ਼ਤਰ ਦੇ ਪੱਤਰ ਨੰ. ਸ.ਸ.ਅ/2012/ਐਡਮਨ/83660 ਮਿਤੀ ਚੰਡੀਗੜ੍ਹ 14 ਅਗਸਤ 2012**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਵਾਲਾ ਅਧੀਨ ਪੱਤਰ ਰਾਹੀਂ ਰਾਜ ਦੇ ਸਮੂਹ ਸਕੂਲ ਮੁਖੀਆਂ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਸਬੰਧ ਵਿਚ ਇਸ ਦਫ਼ਤਰ ਵੱਲੋਂ ਇਹ ਸਲਾਹ ਦਿੱਤੀ ਗਈ ਸੀ ਕਿ ਪੰਚਾਇਤਾਂ, ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ ਸਕੂਲਾਂ ਨੂੰ ਦਿੱਤੇ ਜਾਣ ਵਾਲੇ ਦਾਨ ਦੀ ਰਕਮ ਨੂੰ ਇਕ ਵੱਖਰਾ ਬੈਂਕ ਖਾਤਾ 'ਸਕੂਲ ਭਲਾਈ ਫੰਡ'(School Welfare Fund) ਦੇ ਨਾਂ 'ਤੇ ਖੁਲ੍ਹਵਾ ਕੇ ਉਸ ਵਿਚ ਜਮ੍ਹਾਂ ਕਰਵਾਇਆ ਜਾ ਸਕਦਾ ਹੈ ਅਤੇ ਇਸ ਖਾਤੇ ਦੇ ਸੰਚਾਲਨ ਲਈ ਇਕ ਤਿੰਨ ਮੈਂਬਰੀ ਕਮੇਟੀ ਦੇ ਗਠਨ ਦੀ ਹਦਾਇਤ ਵੀ ਕੀਤੀ ਗਈ ਸੀ ਤਾਂ ਕਿ ਸਕੂਲ ਭਲਾਈ ਲਈ ਇਕੱਤਰ ਹੋਏ ਫੰਡ ਨੂੰ ਪਾਰਦਰਸ਼ੀ ਢੰਗ ਨਾਲ ਸਕੂਲ ਦੇ ਵਿਕਾਸ ਲਈ ਖਰਚ ਕੀਤਾ ਜਾ ਸਕੇ।

3.0 ਇਸ ਸਬੰਧ ਵਿਚ ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ ਅਤੇ 'ਸਕੂਲ ਭਲਾਈ ਫੰਡ' ਇਕੱਤਰ ਕਰਕੇ ਸਕੂਲ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ, ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਅਤੇ ਸਕੂਲ ਨੂੰ ਹੋਰ ਬੇਹਤਰ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ।

4.0 ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਇਹ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਸਕੂਲ ਨੇ ਆਪਣੇ ਸਕੂਲ ਦਾ 'ਸਕੂਲ ਭਲਾਈ ਫੰਡ'(School Welfare Fund) ਦਾ ਇਕ ਵੱਖਰਾ ਬੈਂਕ ਖਾਤਾ ਨਹੀਂ ਖੁਲ੍ਹਵਾਇਆ ਤਾਂ ਇਸਨੂੰ ਜਲਦ ਤੋਂ ਜਲਦ ਖੁਲ੍ਹਵਾ ਲਿਆ ਜਾਵੇ ਤਾਂ ਜੋ ਦਾਨੀ ਸੱਜਣਾਂ ਵੱਲੋਂ ਸਰਕਾਰੀ ਸਕੂਲਾਂ ਦੀ ਬੇਹਤਰੀ ਲਈ ਦਿੱਤੀ ਜਾ ਰਹੀ ਰਾਸ਼ੀ ਨੂੰ ਸਕੂਲ ਅਤੇ ਵਿਦਿਆਰਥੀਆਂ ਦੀ ਬੇਹਤਰੀ ਲਈ ਪਾਰਦਰਸ਼ੀ ਢੰਗ ਨਾਲ ਵਰਤਿਆ ਜਾ ਸਕੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ੬੫੩ ਮਿਤੀ: ੧੧/੧੨/੧੨
ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**